# ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਐਮਸੀ/2015/4037
ਮਿਤੀ : 13-03-2015

**ਵਿਸ਼ਾ :-** **ਹੁਸ਼ਿਆਰ ਵਿਦਿਆਰਥੀਆਂ ਨੂੰ ਸੰਤ ਲੋਗੋਂਵਾਲ ਇੰਜਨੀਅਰਿੰਗ ਅਤੇ ਟੈਕਨੋਲੋਜ਼ੀ ਸੰਸਥਾਂ ਵਿੱਚ ਦਾਖਲੇ ਲਈ ਪ੍ਰੇਰਿਤ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸੰਤ ਲੌਂਗੋਵਾਲ ਇੰਜਨੀਅਰਿੰਗ ਅਤੇ ਤਕਨੀਕੀ ਸੰਸਥਾ, ਭਾਰਤ ਸਰਕਾਰ ਦੁਆਰਾ ਨਵੇਂ ਖੇਤਰਾਂ ਵਿੱਚ ਤਕਨੀਕੀ ਸਿੱਖਿਆ ਪ੍ਰਦਾਨ ਕਰਨ ਲਈ ਸਥਾਪਿਤ ਕੀਤੀ ਗਈ ਹੈ ਅਤੇ ਇਸ ਨੂੰ ਪੂਰਾ ਅਨੁਦਾਨ ਕੇਂਦਰੀ ਸਰਕਾਰ ਦੁਆਰਾ ਦਿੱਤਾ ਜਾਂਦਾ ਹੈ । ਸੰਸਥਾ ਵਲੋਂ ਪੰਜਾਬ ਦੇ ਵਿਦਿਆਰਥੀਆਂ ਲਈ ਸੁਨਹਰੀ ਮੌਕਾ ਪ੍ਰਧਾਨ ਕੀਤਾ ਜਾ ਰਿਹਾ ਹੈ ਜਿਸ ਦੀਆਂ ਮੁੱਖ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਹਨ।

## ਮੁੱਖ ਵਿਸ਼ੇਸ਼ਤਾਈਆਂ

1. ਇਸ ਸਾਲ ਸੰਸਥਾ ਵਿੱਚ ਇੰਟੇਗਰੇਟਿਡ ਸਰਟੀਫਿਕੇਟ ਡਿਪਲੋਮਾ (Integrated Certificate Diploma – 03 years) ਪ੍ਰੋਗ੍ਰਾਮ ਅਤੇ ਡਿਗਰੀ ਪ੍ਰੋਗ੍ਰਾਮ (B.E.) ਚਾਰ ਸਾਲਾਂ ਡਿਗਰੀ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ।
2. ਸੰਸਥਾਂ ਵਿੱਚ 75% ਸੀਟਾਂ ਪੰਜਾਬ ਦੇ ਵਿਦਿਆਰਥੀਆਂ ਲਈ ਇੰਟੇਗਰੇਟਿਡ ਸਰਟੀਫਿਕੇਟ (Integrated Certificate Diploma) ਪ੍ਰੋਗ੍ਰਾਮ ਲਈ ਰਾਖਵੀਆਂ ਹਨ ।
3. ਸੰਸਥਾਂ ਵਿੱਚ ਦਸਵੀਂ ਪਾਸ ਵਿਦਿਆਰਥੀ ਛੇ ਸਾਲਾਂ (03+03) ਵਿੱਚ ਤਕਨੀਕੀ ਸਿੱਖਿਆ ਵਿੱਚ ਗਰੈਜੂਏਟ ਇੰਜੀਨਿਅਰ ਬਣ ਜਾਂਦਾ ਹੈ ।
4. ICD ਦੇ ਤਿੰਨ ਸਾਲਾਂ ਦੇ ਡਿਪਲੋਮੇ ਵਿੱਚ ਦੋ ਸਾਲ ਕਾਮਯਾਬੀ ਨਾਲ ਪੂਰੇ ਕਰਨ ਤੇ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ, ਜੋ ਬਾਰਵੀ (10+2) ਦੇ ਬਰਾਬਰ ਹੋਵੇਗਾ।
5. ਤਿੰਨ ਸਾਲਾਂ ਦੇ ਡਿਪਲੋਮਾ (ICD) ਪੂਰਾ ਹੋਣ ਤੇ 50% ਵਿਦਿਆਰਥੀਆਂ ਨੂੰ 04 ਸਾਲਾਂ ਡਿਗਰੀ **(B.E.)** ਦੇ ਦੂਜੇ ਸਾਲ ਵਿੱਚ ਜਾਣ ਦਾ ਸਿੱਧਾ ਮੌਕਾ ਦਿੱਤਾ ਜਾਵੇਗਾ।
6. ICD ਅਤੇ Degree Programme ਤੋਂ ਬਾਅਦ ਵਿਦਿਆਰਥੀਆਂ ਦੀ ਉੱਚ ਸਿੱਖਿਆ ਲਈ ਪੋਸਟ ਗਰੈਜੂਏਟ (M.Tech., MBA) ਅਤੇ ਡੋਕਟੋਰੇਟ (Ph.D) ਪ੍ਰੋਗ੍ਰਾਮਾਂ ਦਾ ਸਾਰੇ ਵਿਭਾਗਾ ਵਿੱਚ ਪ੍ਰਬੰਧ ਹੈ ।
7. ਸੰਸਥਾ ਵਿੱਚ ਫੀਸਾਂ ਬਾਕੀ ਤਕਨੀਕੀ ਸੰਸਥਾਵਾਂ ਨਾਲੋ ਬਹੁਤ ਘੱਟ ਹਨ । **ICD** ਪ੍ਰੋਗ੍ਰਾਮ ਵਿੱਚ ਟਿਉਸ਼ਨ ਫੀਸ 5000/- ਰੁਪਏ ਪ੍ਰਤੀ ਸਮੈਸਟਰ ਰੱਖੀ ਗਈ ਹੈ । ਫੀਸਾਂ ਸੰਬੰਧੀ ਪੂਰੀ ਜਾਣਕਾਰੀ ਸੰਸਥਾ ਦੀ ਵੈਬਸਾਈਟ **(www.sliet.ac.in)** ਤੇ ਉਪਲੱਬਧ ਹੈ ।
8. ਹਰ ਇੱਕ ਵਿਭਾਗ ਵਿੱਚ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ ਅਤੇ ਆਧੁਨਿਕ ਤਕਨੀਕਾਂ ਨਾਲ ਲੈੱਸ ਕਲਾਸਾਂ (Class Rooms) ਦਾ ਪ੍ਰਬੰਧ ਹੈ ।

9. ਬੱਚਿਆਂ ਲਈ ਉੱਤਮ ਦਰਜੇ ਦੀਆਂ ਨੌਕਰੀਆਂ ਦਾ ਪ੍ਰਬੰਧ ਕਰਨ ਲਈ ਵਖਰਾ ਵਿਭਾਗ ਕੰਮ ਕਰ ਰਿਹਾ ਹੈ ।

10. **ਫੈਕੁਲਟੀ ਅਤੇ ਸਟਾਫ** : ਉੱਚ ਵਿੱਦਿਆ ਪ੍ਰਾਪਤ ਸਵੈ-ਉਤਸ਼ਾਹਿਤ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਫਕੈਲਟੀ ਅਤੇ ਸਟਾਫ ਮੈਂਬਰ ਮੌਜੂਦ ਹਨ ।

11. **ਸੰਸਥਾਤਮਕ ਰਚਨਾ (Infrastructure)** : 451 ਏਕੜ ਪ੍ਰਦੂਸ਼ਣ ਰਹਿਤ ਖੇਤਰ ਵਿੱਚ ਝੀਲ ਅਤੇ ਪ੍ਰਵਾਸੀ ਪੰਛੀਆਂ ਸਮੇਤ ਹਰਿਆਵਲ ਭਰਿਆ ਆਲਾ-ਦੁਆਲਾ ਮੌਜੂਦ ਹੈ । ਵਧੀਆ ਇਮਾਰਤਾਂ, ਵਿਸ਼ਵ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ, ਸੜਕਾਂ ਦਾ ਜਾਲ, ਬੈਂਕ, ਡਾਕਖਾਨਾ, ਆਵਾਜਾਈ ਦੀਆਂ ਸੁਵਿਧਾਵਾ ਅਤੇ ਖਰੀਦਦਾਰੀ ਲਈ ਦੁਕਾਨਾਂ ਦਾ ਪ੍ਰਬੰਧ ਹੈ । ਇਸ ਤੋਂ ਇਲਾਵਾ ਬੱਚਿਆਂ ਦੇ ਖੇਡਣ ਲਈ ਇੱਕ ਵੱਡਾ ਸਟੇਡਿਅਮ, ਸਵੀਮਿੰਗ ਪੂਲ ਅਤੇ ਬਹੁਤ ਵਧੀਆ ਜਿਮਨੇਜਿਅਮ ਵੀ ਉਪਲੱਬਧ ਹੈ ।

12. **ਗੈਰ-ਰੱਸਮੀ ਸਿੱਖਿਆ (Non-Formal Education)** : ਸਰੀਰਕ ਤੌਰ ਤੇ ਅਸਮਰਥ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੇ ਕੋਰਸਾਂ ਦਾ ਪ੍ਰਬੰਧ ਹੈ ।

13. **ਸਿਹਤ (Health)** : 24 ਘੰਟੇ ਡਾਕਟਰੀ ਸੁਵਿਧਾਵਾਂ ਮੌਜੂਦ ਹਨ ।

14. **ਨਿਵਾਸ ਸੰਸਥਾਨ (Accommodation)** : ਵਿਦਿਆਰਥੀਆਂ ਅਤੇ ਸਟਾਫ ਲਈ ਰਿਹਾਇਸ਼ ਦਾ ਪੂਰਾ ਪ੍ਰਬੰਧ ਹੈ। ਲੜਕੀਆਂ ਦੇ ਰਹਿਣ ਲਈ ਤਿੰਨ ਵਖਰੇ ਹੋਸਟਲ, ਜਿਨ੍ਹਾਂ ਵਿੱਚ ਸਾਰੀਆਂ ਲੋੜੀਂਦੀਆਂ ਸੁਵਿਧਾਵਾਂ ਹੋਸਟਲ ਦੀ ਚਾਰ-ਦੀਵਾਰੀ ਅੰਦਰ ਉਪਲੱਬਧ ਹਨ।ਮੁੰਡਿਆਂ ਲਈ ਦੱਸ ਵੱਖਰੇ ਹੋਸਟਲ ਮੌਜੂਦ ਹਨ।

15. **ਨੈਟਵਰਕਿੰਗ (Networking)** : ਕੈਂਪਸ ਵਿਖੇ ਸਮੁੱਚੀਆਂ ਵਿੱਦਿਅਕ ਇਮਾਰਤਾਂ ਅਤੇ ਹੋਸਟਲਾਂ ਵਿੱਚ ਇੰਟਰਨੈੱਟ ਸੁਵਿਧਾ ਮੌਜੂਦ ਹੈ ।

2.0 ਸੰਤ ਲੌਂਗੋਵਾਲ ਇੰਜਨੀਅਰਿੰਗ ਅਤੇ ਤਕਨੀਕੀ ਸੰਸਥਾ ਦੁਆਰਾ ਹੁਸ਼ਿਆਰ ਵਿਦਿਆਰਥੀਆਂ ਨੂੰ ਇੰਟਗਰੇਟਿਡ-ਸਰਟੀਫਿਕੇਟ ਡਿਪਲੋਮਾ (ਤਿੰਨ ਸਾਲ), ਦਸਵੀਂ ਪਾਸ ਵਿਦਿਆਰਥੀਆਂ ਨੂੰ ਛੇ ਸਾਲਾਂ ਵਿੱਚ ਤਕਨੀਕੀ ਸਿੱਖਿਆ ਵਿੱਚ ਗਰੈਜੂਏਟ ਇੰਜਨੀਅਰ ਅਤੇ ਅਨੇਕਾਂ ਪ੍ਰੋਗਰਾਮ ਦੇ ਦਾਖਲੇ ਲਈ ਸਲਾਈਟ ਪ੍ਰਵੇਸ਼ ਪ੍ਰੀਖਿਆ (SET), ਜਿਸ ਦਾ ਟੈਸਟ ਮਿਤੀ 26.04.2015 ਨੂੰ ਦੇਸ਼ ਦੇ ਮੁੱਖ ਸ਼ਹਿਰਾਂ ਵਿੱਚ ਹੋਣਾ ਹੈ, ਇਸ ਲਈ online ਅਰਜ਼ੀਆਂ ਮੰਗੀਆਂ ਗਈਆਂ ਹਨ।ਆਨਲਾਈਨ ਫਾਰਮ ਭਰਨ ਦੀ ਆਖਰੀ ਮਿਤੀ 31.03.2015 ਹੈ।ਆਨਲਾਈਨ ਫਾਰਮ ਸੰਸਥਾਂ ਦੀ ਵੈੱਬਸਾਈਟ www.sliet.ac.in ਤੇ ਅਪਲੋਡ ਕੀਤਾ ਜਾ ਸਕਦਾ ਹੈ ਅਤੇ ਹੋਰ ਜਾਣਕਾਰੀ ਲਈ 01672-280072, 253136 ਤੇ ਸਪੰਰਕ ਕੀਤਾ ਜਾ ਸਕਦਾ ਹੈ।ਸਮੂਹ ਸਕੂਲ ਮੁੱਖੀ ਇਸ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ

**ਪਿੱਠ ਅੰਕਣ ਨੰ: ਸਸਅ/ਐਮਸੀ/** 2015438 **ਮਿਤੀ:** 13-03-2015

ਉਪਰੋਕਤ ਦਾ ਉਤਾਰਾ ਡੀ.ਪੀ.ਆਈ (ਸੈ.ਸਿ.), ਪੰਜਾਬ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ